Residential Property
TRIBUNAL SERVICE

**Ref no.** (ਸਿਰਫ਼ ਦਫ਼ਤਰੀ ਵਰਤੋਂ ਲਈ)

ਅਰਜ਼ੀ ਫ਼ਾਰਮ

# ਮਾਲਕ-ਮਕਾਨ ਅਤੇ ਕਿਰਾਏਦਾਰ ਕਾਨੂੰਨ 1985 ਦੀ ਧਾਰਾ 27A

## ਸਰਵਿਸ ਚਾਰਜ ਦਾ ਭੁਗਤਾਨ ਕਰਨ ਦੀ ਦੇਣਦਾਰੀ ਅਤੇ ਉਚਿਤਤਾ ਦੇ ਨਿਰਧਾਰਣ ਲਈ ਅਰਜ਼ੀ

ਜੇ ਤੁਸੀਂ ਲੀਜ਼ਹੋਲਡ ਵੈਲਿਊਏਸ਼ਨ ਟ੍ਰਿਬਿਊਨਲ (ਐਲ.ਵੀ.ਟੀ.) ਨੂੰ ਕਿਸੇ ਸਰਵਿਸ ਚਾਰਜ ਦੇ ਭੁਗਤਾਨ ਦੀ ਦੇਣਦਾਰੀ ਨਿਰਧਾਰਿਤ ਕਰਨ ਲਈ ਕਹਿਣਾ ਚਾਹੁੰਦੇ ਹੋ ਤਾਂ ਇਸਤੇਮਾਲ ਕਰਨ ਲਈ ਸਹੀ ਫ਼ਾਰਮ ਇਹ ਹੈ। ਇਸ ਵਿੱਚ ਇਹ ਪ੍ਰਸ਼ਨ ਸ਼ਾਮਲ ਹੈ ਕਿ ਕੀ ਸਰਵਿਸ ਚਾਰਜ ਉਚਿਤ ਹੈ ਜਾਂ ਨਹੀਂ।

**ਕਿਰਪਾ ਕਰਕੇ ਇਸ ਅਰਜ਼ੀ ਫ਼ਾਰਮ ਨੂੰ ਅਰਜ਼ੀ ਫ਼ੀਸ ਅਤੇ ਲੀਜ਼ ਦੀ ਇੱਕ ਕਾਪੀ ਸਹਿਤ ਉਚਿਤ ਪੈਨਲ ਦਫ਼ਤਰ ਨੂੰ ਭੇਜ ਦਿਓ (ਪੈਨਲ ਦੇ ਪਤਿਆਂ ਦੀ ਜਾਣਕਾਰੀ ਲਈ ਪੰਨਾ 7 ਦੇਖੋ)। ਕਿਰਪਾ ਕਰਕੇ ਕੋਈ ਦੂਸਰੇ ਦਸਤਾਵੇਜ਼ ਨਾ ਭੇਜੋ।** ਜੇ ਅਤੇ ਜਦੋਂ ਹੋਰ ਸਬੂਤਾਂ ਦੀ ਲੋੜ ਹੋਵੇਗੀ ਤਾਂ ਤੁਹਾਨੂੰ ਵੱਖਰੇ ਤੌਰ 'ਤੇ ਇਹ ਭੇਜਣ ਲਈ ਕਿਹਾ ਜਾਵੇਗਾ।

ਜੇ ਇਸ ਫ਼ਾਰਮ ਨੂੰ ਭਰਨ ਜਾਂ ਟ੍ਰਿਬਿਊਨਲ ਦੁਆਰਾ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਪ੍ਰਕਿਰਿਆਵਾਂ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਸਾਨੂੰ **0845 600 3178** 'ਤੇ ਫ਼ੋਨ ਕਰੋ।

### 1. ਬਿਨੈਕਾਰ (ਬਿਨੈਕਾਰਾਂ) ਦਾ ਵੇਰਵਾ (ਜੇ ਇੱਕ ਤੋਂ ਵੱਧ ਬਿਨੈਕਾਰ ਹਨ ਤਾਂ ਕਿਰਪਾ ਕਰਕੇ ਇੱਕ ਵੱਖਰੀ ਸ਼ੀਟ 'ਤੇ ਜਾਰੀ ਰੱਖੋ)

ਨਾਮ: ______________________________

ਪਤਾ *(ਪੋਸਟਕੋਡ ਸਮੇਤ)*: ______________________________

______________________________

______________________________

______________________________

ਪੱਤਰ-ਵਿਹਾਰ ਲਈ ਪਤਾ *(ਜੇ ਇਹ ਵੱਖਰਾ ਹੋਵੇ)*: ______________________________

______________________________

______________________________

ਟੈਲੀਫ਼ੋਨ: *ਦਿਨ ਦੇ ਸਮੇਂ*: ______________ *ਸ਼ਾਮ ਦੇ ਸਮੇਂ*: ______________ *ਮੋਬਾਈਲ*: ______________

ਈਮੇਲ ਐਡਰੇਸ: ______________________________ ਫ਼ੈਕਸ: ______________

ਦਰਜਾ *(ਉਦਾਹਰਨ ਲਈ ਮਾਲਕ-ਮਕਾਨ/ਕਿਰਾਏਦਾਰ/ਪ੍ਰਬੰਧਕੀ ਏਜੰਟ)*: ______________________________

ਪ੍ਰਤਿਨਿਧੀ ਦਾ ਵੇਰਵਾ: ______________________________

______________________________

______________________________

### 2. ਸੰਪਤੀ ਦਾ ਪਤਾ (ਪੋਸਟਕੋਡ ਸਮੇਤ) (ਜੇ ਇਹ ਪਹਿਲਾਂ ਨਹੀਂ ਦਿੱਤਾ ਗਿਆ ਹੈ)

______________________________

______________________________

______________________________

ਜਿੱਥੇ ਕਿਸੇ ਪ੍ਰਤਿਨਿਧੀ ਦਾ ਵੇਰਵਾ ਦਿੱਤਾ ਗਿਆ ਹੋਵੇ, ਸਾਰਾ ਪੱਤਰ-ਵਿਹਾਰ ਅਤੇ ਗੱਲਬਾਤ ਉਹਨਾਂ ਨਾਲ ਹੀ ਕੀਤੀ ਜਾਵੇਗੀ ਜਦ ਤਕ ਟ੍ਰਿਬਿਊਨਲ ਨੂੰ ਇਹ ਸੂਚਿਤ ਨਹੀਂ ਕੀਤਾ ਜਾਂਦਾ ਕਿ ਉਹ ਹੁਣ ਕੰਮ ਨਹੀਂ ਕਰ ਰਹੇ ਹਨ।

### 3. ਇਮਾਰਤ ਦਾ ਸੰਖੇਪ ਵੇਰਵਾ *(ਉਦਾਹਰਨ ਲਈ 12 ਫ਼ਲੈਟਾਂ ਵਾਲਾ ਵਿਕਟੋਰੀਅਨ ਮੈਨਸ਼ਨ ਬਲਾਕ)*

______________________________

______________________________

______________________________

## 4. ਪ੍ਰਤਿਵਾਦੀ (ਪ੍ਰਤਿਵਾਦੀਆਂ) ਦਾ ਵੇਰਵਾ (ਜੇ ਇੱਕ ਤੋਂ ਵੱਧ ਪ੍ਰਤਿਵਾਦੀ ਹੋਣ, ਤਾਂ ਕਿਰਪਾ ਕਰਕੇ ਇੱਕ ਵੱਖਰੀ ਸ਼ੀਟ 'ਤੇ ਜਾਰੀ ਰੱਖੋ)

ਨਾਮ: ______________________________

ਪਤਾ *(ਪੋਸਟਕੋਡ ਸਮੇਤ):* ______________________________

______________________________

______________________________

______________________________

ਪੱਤਰ ਵਿਹਾਰ ਲਈ ਪਤਾ *(ਜੇ ਵੱਖਰਾ ਹੈ)* ______________________________

______________________________

______________________________

______________________________

ਟੈਲੀਫ਼ੋਨ: *ਦਿਨ ਦੇ ਸਮੇਂ:* ______________ *ਸ਼ਾਮ ਦੇ ਸਮੇਂ:* ______________ *ਮੋਬਾਈਲ:* ______________

ਈਮੇਲ ਐਡਰੇਸ *(ਜੇ ਪਤਾ ਹੋਵੇ)* ______________________________ ਫ਼ੈਕਸ: ______________

ਦਰਜਾ *(ਉਦਾਹਰਨ ਲਈ ਮਾਲਕ-ਮਕਾਨ/ਮੈਨੇਜਰ/ਆਰ.ਟੀ.ਐਮ. ਕੰਪਨੀ):* ______________________________

***ਮਾਰਗਦਰਸ਼ਕ ਜਾਣਕਾਰੀ***

*ਇਹ ਫ਼ਾਰਮ ਬਿਨੈਕਾਰ ਤੋਂ, ਅਰਜ਼ੀ ਵਿੱਚ ਸ਼ਾਮਲ ਧਿਰਾਂ ਦਾ ਵੇਰਵਾ ਮੁਹੱਈਆ ਕਰਵਾਉਣ ਦੀ ਮੰਗ ਕਰਦਾ ਹੈ। ਇਸ ਤੋਂ ਇਲਾਵਾ, ਟ੍ਰਿਬਿਊਨਲ ਨੂੰ ਦੂਸਰੇ ਵਿਅਕਤੀਆਂ ਦੇ ਨਾਮ ਅਤੇ ਪਤੇ ਜਾਣਨ ਦੀ ਵੀ ਲੋੜ ਹੁੰਦੀ ਹੈ ਜੋ ਅਰਜ਼ੀ ਦੁਆਰਾ ਕਾਫੀ ਹੱਦ ਤਕ ਪ੍ਰਭਾਵਿਤ ਹੋ ਸਕਦੇ ਹਨ ਜਿਵੇਂ ਕਿ ਇਮਾਰਤ ਵਿੱਚ ਰਹਿਣ ਵਾਲੇ ਦੂਸਰੇ ਲੀਜ਼ਧਾਰਕ। ਕਿਰਪਾ ਕਰਕੇ ਕਿਸੇ ਅਜਿਹੇ ਵਿਅਕਤੀ (ਵਿਅਕਤੀਆਂ) ਦੇ ਨਾਮਾਂ ਅਤੇ ਪਤਿਆਂ ਦੀ ਇੱਕ ਸੂਚੀ ਮੁਹੱਈਆ ਕਰਵਾਓ। ਜੇ ਇਹ ਸੰਭਵ ਨਹੀਂ ਹੈ ਜਾਂ ਵਿਹਾਰਕ ਨਹੀਂ ਹੈ, ਤਾਂ ਇੱਕ ਲਿਖਤੀ ਬਿਆਨ ਇਸ ਅਰਜ਼ੀ ਨਾਲ ਲਗਾਇਆ ਜਾਣਾ ਚਾਹੀਦਾ ਹੈ।*

## 5. ਮਾਲਕ-ਮਕਾਨ ਦਾ ਵੇਰਵਾ (ਜੇ ਇਹ ਪਹਿਲਾਂ ਨਹੀਂ ਦਿੱਤਾ ਗਿਆ ਹੈ)

ਨਾਮ: ______________________________

ਪਤਾ *(ਪੋਸਟਕੋਡ ਸਮੇਤ):* ______________________________

______________________________

______________________________

______________________________

ਟੈਲੀਫ਼ੋਨ: *ਦਿਨ ਦੇ ਸਮੇਂ:* ______________ *ਸ਼ਾਮ ਦੇ ਸਮੇਂ:* ______________ *ਮੋਬਾਈਲ:* ______________

ਈਮੇਲ ਐਡਰੇਸ *(ਜੇ ਪਤਾ ਹੋਵੇ):* ______________________________ ਫ਼ੈਕਸ: ______________

## 6. ਕਿਰਾਏਦਾਰਾਂ ਦੀ ਕਿਸੇ ਵੀ ਮਾਨਤਾ ਪ੍ਰਾਪਤ ਸੰਸਥਾ ਦਾ ਵੇਰਵਾ (ਜੇ ਪਤਾ ਹੋਵੇ)

ਸੈਕ੍ਰੇਟਰੀ ਦਾ ਨਾਮ: ______________________________

ਪਤਾ *(ਪੋਸਟਕੋਡ ਸਮੇਤ):* ______________________________

______________________________

______________________________

______________________________

ਟੈਲੀਫ਼ੋਨ: *ਦਿਨ ਦੇ ਸਮੇਂ:* ______________ *ਸ਼ਾਮ ਦੇ ਸਮੇਂ:* ______________ *ਮੋਬਾਈਲ:* ______________

ਈਮੇਲ ਐਡਰੇਸ *(ਜੇ ਪਤਾ ਹੋਵੇ):* ______________________________ ਫ਼ੈਕਸ: ______________

## 7. ਟ੍ਰਿਬਿਊਨਲ ਦੁਆਰਾ ਵਿਚਾਰੇ ਜਾਣਯੋਗ ਸਰਵਿਸ ਚਾਰਜ

**A.** ਪਿਛਲੇ ਸਾਲਾਂ ਲਈ ਸਰਵਿਸ ਚਾਰਜ

ਕਿਰਪਾ ਕਰਕੇ ਉਹ ਸਾਲ ਲਿਖੋ ਕਰੋ ਜਿਨ੍ਹਾਂ ਲਈ ਨਿਰਧਾਰਣ ਦੀ ਮੰਗ ਕੀਤੀ ਗਈ ਹੈ।

1. ______________________ 4. ______________________

2. ______________________ 5. ______________________

3. ______________________ 6. ______________________

ਸਰਵਿਸ ਚਾਰਜ ਦੇ ਹਰੇਕ ਸਾਲ ਲਈ, **ਚਰਚਾ ਅਧੀਨ ਸਰਵਿਸ ਚਾਰਜ** (ਪੰਨਾ **7**) ਸਿਰਲੇਖ ਵਾਲੀਆਂ ਸ਼ੀਟਾਂ ਵਿੱਚੋਂ ਇੱਕ ਭਰੋ

**B.** ਮੌਜੂਦਾ ਜਾਂ ਭਵਿੱਖ ਦੇ ਸਾਲਾਂ ਲਈ ਸਰਵਿਸ ਚਾਰਜ

ਕਿਰਪਾ ਕਰਕੇ ਉਹ ਸਾਲ ਲਿਖੋ ਕਰੋ ਜਿਨ੍ਹਾਂ ਲਈ ਨਿਰਧਾਰਣ ਦੀ ਮੰਗ ਕੀਤੀ ਗਈ ਹੈ।

1. ______________________ 4. ______________________

2. ______________________ 5. ______________________

3. ______________________ 6 ______________________

ਸਰਵਿਸ ਚਾਰਜ ਦੇ ਹਰੇਕ ਸਾਲ ਲਈ, **ਚਰਚਾ ਅਧੀਨ ਸਰਵਿਸ ਚਾਰਜ** (ਪੰਨਾ **7**) ਸਿਰਲੇਖ ਵਾਲੀਆਂ ਸ਼ੀਟਾਂ ਵਿੱਚੋਂ ਇੱਕ ਭਰੋ

## 8. ਹੋਰ ਅਰਜ਼ੀਆਂ

ਕੀ ਤੁਹਾਨੂੰ ਕਿਸੇ ਵੀ ਅਜਿਹੇ ਦੂਸਰੇ ਮਾਮਲਿਆਂ ਦੀ ਜਾਣਕਾਰੀ ਹੈ ਜਿਨ੍ਹਾਂ ਵਿੱਚ ਜਾਂ ਤਾਂ:

(a) ਸਰਵਿਸ ਚਾਰਜ ਬਾਰੇ ਉਹੀ ਜਾਂ ਮਿਲਦੇ-ਜੁਲਦੇ ਮਸਲੇ ਸ਼ਾਮਲ ਹਨ ਜੋ ਇਸ ਅਰਜ਼ੀ ਵਿੱਚ ਹਨ; ਜਾਂ

(b) ਉਹੀ ਮਾਲਕ-ਮਕਾਨ ਜਾਂ ਕਿਰਾਏਦਾਰ ਜਾਂ ਸੰਪਤੀ ਸ਼ਾਮਲ ਹਨ ਜੋ ਇਸ ਅਰਜ਼ੀ ਵਿੱਚ ਹਨ?

ਜੇ ਹਾਂ, ਤਾਂ ਕਿਰਪਾ ਕਰਕੇ ਪੂਰੀ ਜਾਣਕਾਰੀ ਦਿਓ।

## 9. ਖ਼ਰਚਿਆਂ ਦੀ ਹੱਦ

ਜੇ ਤੁਸੀਂ ਇੱਕ ਕਿਰਾਏਦਾਰ ਹੋ, ਤਾਂ ਕੀ ਤੁਸੀਂ ਧਾਰਾ 20C ਦੇ ਅਧੀਨ ਅਰਜ਼ੀ ਦੇਣੀ ਚਾਹੁੰਦੇ ਹੋ *(ਮਾਰਗਦਰਸ਼ਕ ਜਾਣਕਾਰੀ ਦੇਖੋ)* ਹਾਂ ☐ ਨਹੀਂ ☐

ਜੇ ਹਾਂ ਤਾਂ ਕਿਉਂ? ______________________

*ਮਾਰਗਦਰਸ਼ਕ ਜਾਣਕਾਰੀ*

*ਕੁਝ ਲੀਜ਼ਾਂ ਕਿਸੇ ਮਾਲਕ-ਮਕਾਨ ਨੂੰ ਐਲ.ਵੀ.ਟੀ. ਅੱਗੇ ਹੋਣ ਵਾਲੀਆਂ ਕਾਰਵਾਈਆਂ ਦੇ ਸੰਬੰਧ ਵਿੱਚ ਕੀਤੇ ਗਏ ਖ਼ਰਚਿਆਂ ਨੂੰ ਸਰਵਿਸ ਚਾਰਜ ਦੇ ਹਿੱਸੇ ਵਜੋਂ ਵਸੂਲ ਕਰਨ ਦੀ ਆਗਿਆ ਦਿੰਦੀਆਂ ਹਨ। ਮਾਲਕ-ਮਕਾਨ ਅਤੇ ਕਿਰਾਏਦਾਰ ਕਾਨੂੰਨ 1985 ਦੀ ਧਾਰਾ 20C, ਟ੍ਰਿਬਿਊਨਲ ਨੂੰ, ਕਿਸੇ ਕਿਰਾਏਦਾਰ ਦੁਆਰਾ ਦਿੱਤੀ ਗਈ ਅਰਜ਼ੀ 'ਤੇ, ਕਿਸੇ ਮਾਲਕ-ਮਕਾਨ ਨੂੰ ਇਹ ਕਦਮ ਚੁੱਕਣ ਤੋਂ ਰੋਕਣ ਸੰਬੰਧੀ ਇੱਕ ਆਦੇਸ਼ ਦੇਣ ਦੀ ਸ਼ਕਤੀ ਦਿੰਦੀ ਹੈ। ਜੇ ਤੁਸੀਂ ਇੱਕ ਕਿਰਾਏਦਾਰ ਹੋ ਤਾਂ ਤੁਹਾਨੂੰ ਇੱਥੇ ਦਰਸਾਉਣਾ ਚਾਹੀਦਾ ਹੈ ਕਿ ਕੀ ਤੁਸੀਂ ਚਾਹੁੰਦੇ ਹੋ ਕਿ ਟ੍ਰਿਬਿਊਨਲ ਅਜਿਹਾ ਕੋਈ ਆਦੇਸ਼ ਦੇਣ 'ਤੇ ਵਿਚਾਰ ਕਰੇ।*

## 10. ਕੀ ਅਸੀਂ ਕਿਸੇ ਸੁਣਵਾਈ ਤੋਂ ਬਿਨਾਂ ਤੁਹਾਡੀ ਅਰਜ਼ੀ ਦਾ ਨਿਪਟਾਰਾ ਕਰ ਸਕਦੇ ਹਾਂ?

ਜੇ ਟ੍ਰਿਬਿਊਨਲ ਸੋਚਦਾ ਹੈ ਕਿ ਅਜਿਹਾ ਕਰਨਾ ਉਚਿਤ ਹੈ, ਅਤੇ ਸਾਰੀਆਂ ਧਿਰਾਂ ਸਹਿਮਤ ਹੁੰਦੀਆਂ ਹਨ, ਤਾਂ ਇਹ ਸੰਭਵ ਹੈ ਕਿ ਤੁਹਾਡੀ ਅਰਜ਼ੀ ਦਾ ਨਿਪਟਾਰਾ ਪੂਰੀ ਤਰ੍ਹਾਂ ਨਾਲ ਲਿਖਤੀ ਦਰਖਾਸਤਾਂ ਅਤੇ ਦਸਤਾਵੇਜ਼ਾਂ ਦੇ ਆਧਾਰ 'ਤੇ ਕਰ ਦਿੱਤਾ ਜਾਵੇ ਅਤੇ ਧਿਰਾਂ ਨੂੰ ਹਾਜ਼ਰ ਹੋ ਕੇ ਜ਼ਬਾਨੀ ਦਰਖਾਸਤਾਂ ਕਰਨ ਦੀ ਲੋੜ ਹੀ ਨਾ ਪਵੇ। ਇਸਦਾ ਅਰਥ ਹੁੰਦਾ ਹੈ ਕਿ ਤੁਹਾਨੂੰ £150 ਦੀ ਇੱਕ ਸੁਣਵਾਈ ਫ਼ੀਸ ਨਹੀਂ ਦੇਣੀ ਪਵੇਗੀ ਪਰ ਇਸਦਾ ਅਰਥ ਇਹ ਵੀ ਹੋਵੇਗਾ ਕਿ ਤੁਸੀਂ ਵਿਅਕਤੀਗਤ ਰੂਪ ਵਿੱਚ ਆਪਣੇ ਮਾਮਲੇ ਦੀ ਵਿਆਖਿਆ ਨਹੀਂ ਕਰ ਸਕੋਗੇ।

ਕਿਰਪਾ ਕਰਕੇ ਸਾਨੂੰ ਦੱਸੋ ਕਿ ਜੇ ਟ੍ਰਿਬਿਊਨਲ ਉਚਿਤ ਮੰਨਦਾ ਹੈ ਤਾਂ ਕੀ ਤੁਸੀਂ ਕੇਸ ਦਾ ਨਿਪਟਾਰਾ ਕਾਗਜ਼ 'ਤੇ ਕਰਵਾਉਣਾ ਚਾਹੁੰਦੇ ਹੋ।  ਹਾਂ ☐  ਨਹੀਂ ☐

***ਧਿਆਨ ਦਵੋ: ਭਾਵੇਂ ਤੁਸੀਂ ਕਾਗਜ਼ 'ਤੇ ਫ਼ੈਸਲੇ ਲਈ ਬੇਨਤੀ ਕੀਤੀ ਹੋਵੇ, ਟ੍ਰਿਬਿਊਨਲ ਇਹ ਫ਼ੈਸਲਾ ਦੇ ਸਕਦਾ ਹੈ ਕਿ ਇੱਕ ਸੁਣਵਾਈ ਜ਼ਰੂਰੀ ਹੈ। ਕਿਰਪਾ ਕਰਕੇ ਇਹ ਮੰਨਦੇ ਹੋਏ 11 ਤੋਂ 15 ਤਕ ਸੈਕਸ਼ਨ ਭਰੋ ਕਿ ਸੁਣਵਾਈ ਹੋਵੇਗੀ***

## 11. ਟ੍ਰੈਕ (ਰਫ਼ਤਾਰ) ਸੰਬੰਧੀ ਤਰਜੀਹਾਂ

ਸਾਨੂੰ ਇਹ ਫ਼ੈਸਲਾ ਲੈਣ ਦੀ ਲੋੜ ਹੁੰਦੀ ਹੈ ਕੀ ਕੇਸ ਦਾ ਨਿਪਟਾਰਾ ਫ਼ਾਸਟ ਟ੍ਰੈਕ (ਤੇਜ਼ ਰਫ਼ਤਾਰ) 'ਤੇ ਕੀਤਾ ਜਾਵੇ ਜਾਂ ਸਟੈਂਡਰਡ ਟ੍ਰੈਕ (ਆਮ ਰਫ਼ਤਾਰ) 'ਤੇ (ਟ੍ਰੈਕ ਕੀ ਹੁੰਦਾ ਹੈ, ਇਸਦੀ ਵਿਆਖਿਆ ਲਈ ਮਾਰਗਦਰਸ਼ਕ ਜਾਣਕਾਰੀ ਦੇਖੋ)। ਕਿਰਪਾ ਕਰਕੇ ਸਾਨੂੰ ਦੱਸੋ ਕਿ ਤੁਹਾਡੇ ਵਿਚਾਰ ਵਿੱਚ ਇਸ ਕੇਸ ਲਈ ਕਿਹੜਾ ਟ੍ਰੈਕ ਸਹੀ ਹੈ।

ਫ਼ਾਸਟ ਟ੍ਰੈਕ ☐  ਸਟੈਂਡਰਡ ਟ੍ਰੈਕ ☐

ਕੀ ਇਸ ਮਾਮਲੇ ਵਿੱਚ ਕਾਹਲੀ ਦਾ ਕੋਈ ਵੀ ਵਿਸ਼ੇਸ਼ ਕਾਰਨ ਹੈ?  ਹਾਂ ☐  ਨਹੀਂ ☐

ਜੇ ਅਜਿਹਾ ਹੈ, ਤਾਂ ਕਿਰਪਾ ਕਰਕੇ ਸਪਸ਼ਟ ਕਰੋ ਕਿ ਇਹ ਕਿੰਨਾ ਜ਼ਰੂਰੀ ਹੈ ਅਤੇ ਕਿਉਂ ਜ਼ਰੂਰੀ ਹੈ: ____________________

____________________________________________

____________________________________________

____________________________________________

***ਮਾਰਗਦਰਸ਼ਕ ਜਾਣਕਾਰੀ***

*ਟ੍ਰਿਬਿਊਨਲ ਕਿਸੇ ਕੇਸ ਦਾ ਨਿਪਟਾਰਾ ਆਮ ਤੌਰ 'ਤੇ ਇਹਨਾਂ, ਤਿੰਨ ਤਰੀਕਿਆਂ ਵਿੱਚੋਂ ਕਿਸੇ ਇੱਕ ਨਾਲ ਕਰੇਗਾ: ਕਾਗਜ਼ 'ਤੇ (ਉੱਪਰ ਸੈਕਸ਼ਨ 10 ਦੇਖੋ) ਜਾਂ 'ਫ਼ਾਸਟ ਟ੍ਰੈਕ', ਜਾਂ 'ਸਟੈਂਡਰਡ ਟ੍ਰੈਕ'। ਫ਼ਾਸਟ ਟ੍ਰੈਕ ਉਹਨਾਂ ਮਾਮਲਿਆਂ ਲਈ ਬਣਾਇਆ ਗਿਆ ਹੁੰਦਾ ਹੈ ਜਿਨ੍ਹਾਂ ਲਈ ਸੁਣਵਾਈ ਦੀ ਲੋੜ ਹੁੰਦੀ ਹੈ ਪਰ ਇਹ ਬਹੁਤ ਸਧਾਰਨ ਹੁੰਦੇ ਹਨ ਅਤੇ ਇਹਨਾਂ ਦੇ ਨਿਪਟਾਰੇ ਵਿੱਚ ਬਹੁਤ ਜ਼ਿਆਦਾ ਕਾਗਜ਼ੀ ਕਾਰਵਾਈ ਜਾਂ ਬਹਿਸਬਾਜ਼ੀ ਪੈਂਦਾ ਨਹੀਂ ਹੋਵੇਗੀ। ਕਿਸੇ ਫ਼ਾਸਟ ਟ੍ਰੈਕ ਕੇਸ 'ਤੇ ਆਮ ਤੌਰ 'ਤੇ ਤੁਹਾਡੀ ਅਰਜ਼ੀ ਦਾਖ਼ਲ ਹੋਣ ਤੋਂ 10 ਹਫ਼ਤਿਆਂ ਅੰਦਰ ਸੁਣਵਾਈ ਕੀਤੀ ਜਾਵੇਗੀ। ਤੁਹਾਨੂੰ ਇੱਥੇ ਦਰਸਾਉਣਾ ਚਾਹੀਦਾ ਹੈ ਕੀ ਤੁਹਾਡੇ ਵਿਚਾਰ ਵਿੱਚ ਤੁਹਾਡਾ ਕੇਸ ਬਹੁਤ ਸਧਾਰਨ ਹੈ ਅਤੇ ਇਸਦਾ ਨਿਪਟਾਰਾ ਅਸਾਨੀ ਨਾਲ ਕੀਤਾ ਜਾ ਸਕਦਾ ਹੈ। ਸਟੈਂਡਰਡ ਟ੍ਰੈਕ ਵਧੇਰੇ ਜਟਿਲ ਕੰਮਾਂ ਲਈ ਬਣਾਇਆ ਗਿਆ ਹੁੰਦਾ ਹੈ ਜਿੱਥੇ ਸੁਲਝਾਉਣ ਲਈ ਬਹੁਤ ਸਾਰੇ ਮਸਲੇ ਹੋਣ ਜਾਂ ਜਿੱਥੇ ਉਦਾਹਰਨ ਲਈ, ਬਹੁਤ ਸਾਰੀ ਕਾਗਜ਼ੀ ਕਾਰਵਾਈ ਸ਼ਾਮਲ ਹੋਵੇ। ਕਿਸੇ ਸਟੈਂਡਰਡ ਟ੍ਰੈਕ ਕੇਸ ਵਿੱਚ ਧਿਰਾਂ ਨੂੰ ਕਿਸੇ ਮੁਕੱਦਮਾ-ਪੂਰਵ ਸਮੀਖਿਆ 'ਤੇ ਸੱਦਿਆ ਜਾਣਾ ਸ਼ਾਮਲ ਹੋ ਸਕਦਾ ਹੈ ਜੋ ਕਿ ਇੱਕ ਮੀਟਿੰਗ ਹੁੰਦੀ ਹੈ ਜਿੱਥੇ ਕੇਸ ਨੂੰ ਇੱਕ ਅੰਤਿਮ ਸੁਣਵਾਈ 'ਤੇ ਲਿਜਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾ ਸਕਦਾ ਹੈ।*

## 12. ਉਪਲਬਧਤਾ

ਜੇ ਅਗਲੇ ਤਿੰਨ ਮਹੀਨਿਆਂ ਦੌਰਾਨ ਕੋਈ ਅਜਿਹੀਆਂ ਤਾਰੀਖ਼ਾਂ ਜਾਂ ਦਿਨ ਹਨ, ਜਿਨ੍ਹਾਂ ਤੋਂ ਬਚਣਾ ਸਾਡੇ ਲਈ ਲਾਜ਼ਮੀ ਹੋਵੇ (ਜਾਂ ਤਾਂ ਤੁਹਾਡੀ ਸਹੂਲਤ ਲਈ ਜਾਂ ਕਿਸੇ ਅਜਿਹੇ ਮਾਹਿਰ ਵਿਅਕਤੀ ਦੀ ਸਹੂਲਤ ਲਈ ਜਿਸਨੂੰ ਤੁਸੀਂ ਸ਼ਾਇਦ ਬੁਲਾਉਣ ਦੇ ਇੱਛੁਕ ਹੋ ਸਕਦੇ ਹੋ), ਤਾਂ ਕਿਰਪਾ ਕਰਕੇ ਉਹਨਾਂ ਬਾਰੇ ਇੱਥੇ ਲਿਖੋ।

ਤਾਰੀਖ਼ਾਂ ਜਿਨ੍ਹਾਂ 'ਤੇ ਤੁਸੀਂ ਉਪਲਬਧ ਨਹੀਂ ਹੋਵੋਗੇ: ____________________

____________________________________________

____________________________________________

## 13. ਸਥਾਨ ਸੰਬੰਧੀ ਲੋੜਾਂ

ਕਿਰਪਾ ਕਰਕੇ ਅਜਿਹੀਆਂ ਕੋਈ ਵੀ ਵਿਸ਼ੇਸ਼ ਲੋੜਾਂ ਦਾ ਵੇਰਵਾ ਦਿਓ ਜੋ ਤੁਹਾਡੀਆਂ ਜਾਂ ਤੁਹਾਡੇ ਨਾਲ ਆਉਣ ਵਾਲੇ ਕਿਸੇ ਦੂਸਰੇ ਵਿਅਕਤੀ ਦੀਆਂ ਹੋ ਸਕਦੀਆਂ ਹਨ (ਜਿਵੇਂ ਕਿ ਵਹੀਲਚੇਅਰ ਦੀ ਵਰਤੋਂ ਅਤੇ/ਜਾਂ ਕਿਸੇ ਅਨੁਵਾਦਕ ਦਾ ਹਾਜ਼ਰ ਹੋਣਾ): ____________________

____________________________________________

____________________________________________

____________________________________________

*ਲੰਦਨ ਵਿੱਚ, ਕੇਸਾਂ ਦੀ ਸੁਣਵਾਈ ਆਮ ਤੌਰ 'ਤੇ ਅਲਫਰੇਡ ਪਲੇਸ (Alfred Place) ਵਿੱਚ ਕੀਤੀ ਜਾਂਦੀ ਹੈ ਜੋ ਕਿ ਪੂਰੀ ਤਰ੍ਹਾਂ ਨਾਲ ਵ੍ਹੀਲਚੇਅਰ ਦੀ ਪਹੁੰਚ ਵਿੱਚ ਹੈ। ਇਸ ਤੋਂ ਇਲਾਵਾ, ਸੁਣਵਾਈਆਂ ਸਥਾਨਕ ਸਥਾਨਾਂ 'ਤੇ ਰੱਖੀਆਂ ਜਾਂਦੀਆਂ ਹਨ ਜੋ ਕਿ ਸਾਰੀਆਂ ਇੰਨੀ ਪਹੁੰਚਯੋਗ ਨਹੀਂ ਹੁੰਦੀਆਂ ਅਤੇ ਕਲਰਕਾਂ ਲਈ ਇਹ ਜਾਣਨਾ ਲਾਹੇਵੰਦ ਹੋਵੇਗਾ ਕਿ ਕੀ ਤੁਹਾਡੀਆਂ ਜਾਂ ਕਿਸੇ ਦੂਸਰੇ ਵਿਅਕਤੀ, ਜਿਸਨੂੰ ਤੁਸੀਂ ਸੁਣਵਾਈ 'ਤੇ ਆਪਣੇ ਨਾਲ ਲਿਆਉਣਾ ਚਾਹੁੰਦੇ ਹੋ, ਦੀਆਂ ਇਸ ਕਿਸਮ ਦੀਆਂ ਕੋਈ ਵੀ ਵਿਸ਼ੇਸ਼ ਲੋੜਾਂ ਹਨ।*

## 14. ਜਾਂਚ ਸੂਚੀ

ਕਿਰਪਾ ਕਰਕੇ ਜਾਂਚ ਲਵੋ ਕਿ ਤੁਸੀਂ ਇਹ ਫ਼ਾਰਮ ਪੂਰੀ ਤਰ੍ਹਾਂ ਭਰ ਲਿਆ ਹੈ। ਟ੍ਰਿਬਿਊਨਲ ਤੁਹਾਡੀ ਅਰਜ਼ੀ 'ਤੇ ਪ੍ਰਕਿਰਿਆ ਸ਼ੁਰੂ ਨਹੀਂ ਕਰੇਗੀ ਜਦੋਂ ਤਕ ਅਜਿਹਾ ਨਾ ਕੀਤਾ ਗਿਆ ਹੋਵੇ ਅਤੇ ਇਸਦੇ ਨਾਲ, ਲੀਜ਼ ਦੀ ਕਾਪੀ ਅਤੇ ਅਰਜ਼ੀ ਫ਼ੀਸ, ਦੋਵੇਂ ਨਾ ਲਗਾਏ ਗਏ ਹੋਣ:

ਲੀਜ਼(ਲੀਜ਼ਾਂ) ਦੀ ਇੱਕ ਕਾਪੀ ਨਾਲ ਨੱਥੀ ਹੈ। ☐

ਅਰਜ਼ੀ ਫ਼ੀਸ ਲਈ ਇੱਕ ਕਰੌਸਡ ਚੈਂਕ ਜਾਂ ਪੋਸਟਲ ਆਰਡਰ (ਜੇ ਲਾਗੂ ਹੋਵੇ) ਨਾਲ ਨੱਥੀ ਹੈ। ☐

ਫ਼ੀਸ ਦੀ ਰਕਮ ਨਾਲ ਨੱਥੀ ਹੈ £ ________ ਕਿਰਪਾ ਕਰਕੇ ਤੁਹਾਡੇ ਦੁਆਰਾ ਭੇਜੇ ਜਾਣ ਵਾਲੇ ਕਿਸੇ ਵੀ ਚੈਂਕ ਦੇ ਪਿੱਛੇ ਆਪਣਾ ਨਾਮ ਅਤੇ ਪਤਾ ਲਿਖੋ।

**ਕਿਸੇ ਵੀ ਤਰ੍ਹਾਂ ਦੇ ਹਾਲਾਤ ਅਧੀਨ ਨਕਦ ਪੈਸੇ ਨਾ ਭੇਜੋ। ਨਕਦ ਭੁਗਤਾਨ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਨਕਦੀ ਨਾਲ ਆਉਣ ਵਾਲੀ ਕੋਈ ਅਰਜ਼ੀ ਬਿਨੈਕਾਰ ਨੂੰ ਵਾਪਸ ਭੇਜ ਦਿੱਤੀ ਜਾਵੇਗੀ।**

**ਕਿਰਪਾ ਕਰਕੇ ਸਿਰਫ਼ ਇਹ ਅਰਜ਼ੀ ਫ਼ਾਰਮ, ਉੱਪਰ ਦੱਸੇ ਗਏ ਕੋਈ ਦਸਤਾਵੇਜ਼, ਅਤੇ ਅਰਜ਼ੀ ਫ਼ੀਸ ਭੇਜੋ, ਇਸ ਤੋਂ ਇਲਾਵਾ ਹੋਰ ਕੁਝ ਵੀ ਨਾ ਭੇਜੋ।**

*ਮਾਰਗਦਰਸ਼ਕ ਜਾਣਕਾਰੀ*

*ਦਿੱਤੀ ਜਾਣ ਵਾਲੀ ਅਰਜ਼ੀ ਫ਼ੀਸ, ਸਰਵਿਸ ਚਾਰਜ ਦੀ ਉਸ ਰਕਮ 'ਤੇ ਨਿਰਭਰ ਕਰੇਗੀ ਜੋ ਕਿ ਅਰਜ਼ੀ ਦਾ ਵਿਸ਼ਾ ਹੈ। ਇਹ ਪਤਾ ਲਗਾਉਣ ਲਈ ਕਿ ਤੁਹਾਨੂੰ ਕਿੰਨਾ ਭੁਗਤਾਨ ਕਰਨਾ ਪਵੇਗਾ, ਤੁਹਾਨੂੰ ਹੇਠਾਂ ਦਿੱਤੀ ਸਾਰਣੀ ਨੂੰ ਦੇਖਣਾ ਚਾਹੀਦਾ ਹੈ:*

| *ਸਰਵਿਸ ਚਾਰਜ ਦੀ ਰਕਮ ਜੋ ਅਰਜ਼ੀ ਦਾ ਵਿਸ਼ਾ ਹੈ* | *ਅਰਜ਼ੀ ਫ਼ੀਸ* |
|---|---|
| *£500 ਤੋਂ ਵੱਧ ਨਹੀਂ* | *£50* |
| *£500 ਤੋਂ ਵੱਧ ਪਰ £1,000 ਤੋਂ ਵੱਧ ਨਹੀਂ* | *£70* |
| *£1,000 ਤੋਂ ਵੱਧ ਪਰ £5,000 ਤੋਂ ਵੱਧ ਨਹੀਂ* | *£100* |
| *£5,000 ਤੋਂ ਵੱਧ ਪਰ £15,000 ਤੋਂ ਵੱਧ ਨਹੀਂ* | *£200* |
| *£15,000 ਤੋਂ ਵੱਧ* | *£350* |

***ਫ਼ੀਸ ਦਾ ਭੁਗਤਾਨ ਡਿਪਾਰਟਮੈਂਟ ਆਫ਼ ਕਮਿਊਨਿਟੀਜ਼ (Department of Communities) ਅਤੇ ਲੋਕਲ ਗਵਰਨਮੈਂਟ (Local Goverenment) ਨੂੰ ਅਦਾਇਗੀ ਯੋਗ ਕਰੌਸਡ ਚੈਂਕ ਦੁਆਰਾ, ਜਾਂ ਇਸ ਨਾਮ 'ਤੇ ਬਣਾਏ ਪੋਸਟਲ ਆਰਡਰ ਦੁਆਰਾ ਕੀਤਾ ਜਾਣਾ ਚਾਹੀਦਾ ਹੈ।***

***ਛੋਟ ਅਤੇ ਫ਼ੀਸਾਂ***

*ਤੁਸੀਂ ਕਿਸੇ ਫ਼ੀਸ ਦੀ ਅਦਾਇਗੀ ਕਰਨ ਦੇ ਦੇਣਦਾਰ **ਨਹੀਂ** ਹੋਵੋਗੇ ਜੇ ਤੁਹਾਨੂੰ ਜਾਂ ਤੁਹਾਡੇ ਪਾਰਟਨਰ ਨੂੰ ਹੇਠਾਂ ਲਿਖੇ ਅਲਾਉਂਸ ਮਿਲਦੇ ਹਨ:*

- *ਇਨਕਮ ਸਪੋਰਟ*
- *ਹਾਊਸਿੰਗ ਬੈਨਿਫ਼ਿਟ*
- *ਇਨਕਮ ਬੇਸਡ ਜੌਬਸੀਕਰਜ਼ ਅਲਾਉਂਸ*
- *ਇੱਕ ਵਰਕਿੰਗ ਟੈਕਸ ਕ੍ਰੈਡਿਟ ਜਿੱਥੇ:*
  - *ਜਾਂ ਤਾਂ ਉਸ ਕ੍ਰੈਡਿਟ ਵਿੱਚ ਅਸਮਰਥਤਾ ਜਾਂ ਗੰਭੀਰ ਅਸਮਰਥਤਾ ਦਾ ਤੱਤ ਸ਼ਾਮਲ ਹੈ **ਜਾਂ** ਇਸ ਨੂੰ ਚਾਈਲਡ ਟੈਕਸ ਕ੍ਰੈਡਿਟ ਨਾਲ ਮਿਲਾਇਆ ਗਿਆ ਹੈ **ਅਤੇ***
  - *ਵਰਕਿੰਗ ਟੈਕਸ ਕ੍ਰੈਡਿਟ ਦਾ ਹਿਸਾਬ ਲਗਾਉਣ ਲਈ ਵਰਤੀ ਗਈ ਸਲਾਨਾ ਆਮਦਨੀ £14,213 ਜਾਂ ਇਸ ਤੋਂ ਘੱਟ ਹੈ।*
- *ਸਟੇਟ ਪੈਨਸ਼ਨਜ਼ ਕ੍ਰੈਡਿਟ ਐਕਟ 2002 ਅਧੀਨ ਕੋਈ ਗਾਰੰਟੀ ਕ੍ਰੈਡਿਟ*
- *ਫ਼ੰਡਿੰਗ ਕੋਡ (ਕਾਨੂੰਨੀ ਸਹਾਇਤਾ) ਅਧੀਨ ਜਾਰੀ ਕੀਤਾ ਗਿਆ ਕੋਈ ਮੌਜੂਦਾ ਸਰਟੀਫ਼ਿਕੇਟ ਜੋ ਕਿ ਟ੍ਰਿਬਿਊਨਲ ਅੱਗੇ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਦੇ ਸੰਬੰਧ ਵਿੱਚ ਹੋਵੇ, ਜੋ ਕਿ ਕਿਸੇ ਟ੍ਰਿਬਿਊਨਲ ਦੁਆਰਾ ਨਿਰਧਾਰਣ ਲਈ ਕਾਊਂਟੀ ਅਦਾਲਤ ਵਲੋਂ ਅੰਸ਼ਕ ਜਾਂ ਪੂਰੇ ਤੌਰ 'ਤੇ ਸਥਾਨਅੰਤਰਿਤ ਕੀਤਾ ਗਿਆ ਹੋਵੇ।*

*ਜੇ ਤੁਸੀਂ ਫ਼ੀਸ ਤੋਂ ਛੋਟ ਦਾ ਦਾਅਵਾ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਪੈਨਲ ਆਫ਼ਿਸ ਤੋਂ ਮਿਲਣ ਵਾਲਾ ਇੱਕ ਦੂਸਰਾ ਫ਼ਾਰਮ ਜ਼ਰੂਰ ਭਰਨਾ ਚਾਹੀਦਾ ਹੈ। ਛੋਟ ਦੇ ਫ਼ਾਰਮ ਦੀ ਕਾਪੀ ਸੁਣਵਾਈਆਂ ਵਿੱਚ ਦੂਸਰੀਆਂ ਧਿਰਾਂ ਨੂੰ ਨਹੀਂ ਦਿੱਤੀ ਜਾਵੇਗੀ।*

*ਜੇ ਤੁਸੀਂ ਇੱਕ ਹੀ ਸਮੇਂ 'ਤੇ ਕਈ ਅਰਜ਼ੀਆਂ ਦੇ ਰਹੇ ਹੋ, ਭਾਵੇਂ ਤੁਸੀਂ ਵੱਖ-ਵੱਖ ਅਰਜ਼ੀ ਫ਼ਾਰਮ ਇਸਤੇਮਾਲ ਕਰ ਰਹੇ ਹੋ, ਜਾਂ ਅਰਜ਼ੀਆਂ ਦਾ ਸੰਬੰਧ ਟ੍ਰਿਬਿਊਨਲ ਦੇ ਅਧਿਕਾਰ ਖੇਤਰ ਦੇ ਵੱਖ-ਵੱਖ ਹਿੱਸਿਆਂ ਨਾਲ ਹੈ, ਤਾਂ ਤੁਹਾਨੂੰ ਹਰੇਕ ਅਰਜ਼ੀ ਲਈ ਵੱਖਰੀ ਫ਼ੀਸ ਨਹੀਂ ਦੇਣੀ ਪੈਂਦੀ। ਕੁੱਲ ਮਿਲਾਕੇ ਦਿੱਤੀ ਜਾਣ ਵਾਲੀ ਫ਼ੀਸ ਆਪਣੇ ਆਪ ਵਿੱਚ ਹਰੇਕ ਅਰਜ਼ੀ ਲਈ ਅਦਾਇਗੀ ਯੋਗ ਫ਼ੀਸਾਂ ਵਿੱਚੋਂ ਸਭ ਤੋਂ ਵੱਡੀ ਹੋਵੇਗੀ।*

ਜੇ ਫ਼ੀਸ ਦੀ ਰਕਮ ਬਾਰੇ ਤੁਹਾਨੂੰ ਕੋਈ ਵੀ ਸ਼ੱਕ ਹੈ ਜਾਂ, ਇਸ ਫ਼ਾਰਮ ਨੂੰ ਭਰਨ ਬਾਰੇ ਤੁਹਾਡੇ ਕੋਈ ਦੂਸਰੇ ਪ੍ਰਸ਼ਨ ਹਨ ਤਾਂ ਕਿਰਪਾ ਕਰਕੇ ਰੈਜ਼ੀਡੈਂਸ਼ੀਅਲ ਪ੍ਰਾਪਰਟੀ ਟ੍ਰਿਬਿਊਨਲ ਸਰਵਿਸ ਹੈਲਪਲਾਈਨ ਨੂੰ 0845 600 3178 'ਤੇ ਟੈਲੀਫ਼ੋਨ ਕਰੋ।

## 15. ਸੱਚ ਦਾ ਬਿਆਨ

*ਮੇਰਾ ਵਿਸ਼ਵਾਸ ਹੈ ਕਿ ਇਸ ਅਰਜ਼ੀ ਵਿੱਚ ਬਿਆਨ ਕੀਤੇ ਗਏ ਤੱਥ ਸੱਚੇ ਹਨ।*

ਦਸਤਖਤ: ______________________ ਮਿਤੀ/ਬੱਧ: ______________________

## ਚਰਚਾ ਅਧੀਨ ਸਰਵਿਸ ਚਾਰਜ

**ਕਿਰਪਾ ਕਰਕੇ ਹੇਠਾਂ ਦਿੱਤੇ ਸਥਾਨ ਦੀ ਵਰਤੋਂ ਮੁੱਖ ਅਰਜ਼ੀ ਫ਼ਾਰਮ ਦੇ ਸ਼ੈਕਸ਼ਨ 7 ਵਿੱਚ ਜ਼ਿਕਰ ਕੀਤੇ ਗਏ ਸਾਲਾਂ ਵਿੱਚੋਂ ਹਰੇਕ ਸੰਬੰਧੀ ਜਾਣਕਾਰੀ ਦੇਣ ਲਈ ਕਰੋ।**

ਤੁਹਾਨੂੰ ਅੱਗੇ ਚੱਲ ਕੇ ਆਪਣੇ ਕੇਸ ਦਾ ਹੋਰ ਵੇਰਵਾ ਦੇਣ ਅਤੇ ਟ੍ਰਿਬਿਊਨਲ ਨੂੰ ਇਸਦੇ ਸਮਰਥਨ ਵਿੱਚ ਲਗਾਏ ਜਾਣ ਵਾਲੇ ਕੋਈ ਦਸਤਾਵੇਜ਼ ਪਹੁੰਚਾਉਣ ਦਾ ਮੌਕਾ ਦਿੱਤਾ ਜਾਵੇਗਾ। ਇਸ ਪੜਾਅ 'ਤੇ, ਤੁਹਾਨੂੰ ਆਪਣੇ ਕੇਸ ਦੀ ਇੱਕ ਸਪਸ਼ਟ ਰੂਪਰੇਖਾ ਦੇਣੀ ਚਾਹੀਦੀ ਹੈ ਤਾਂ ਜੋ ਟ੍ਰਿਬਿਊਨਲ ਸਮਝ ਸਕੇ ਕਿ ਤੁਹਾਡੀ ਅਰਜ਼ੀ ਕਿਸ ਬਾਰੇ ਹੈ। **ਕਿਰਪਾ ਕਰਕੇ ਹਰੇਕ ਸਾਲ ਲਈ ਇੱਕ ਸ਼ੀਟ ਇਸਤੇਮਾਲ ਕਰੋ।**

***ਚਰਚਾ ਅਧੀਨ ਸਾਲ*** ____________________

ਸਰਵਿਸ ਚਾਰਜ ਦੀਆਂ ਚੀਜ਼ਾਂ ਜੋ ਮੁੱਦੇ ਅਧੀਨ (ਜਾਂ ਸੰਬੰਧਿਤ) ਹਨ, ਦੀ ਇੱਕ ਸੂਚੀ ਅਤੇ ਉਹਨਾਂ ਦਾ ਮੁੱਲ ____________________

ਪ੍ਰਸ਼ਨ(ਪ੍ਰਸ਼ਨਾਂ) ਦਾ ਵਿਵਰਣ ਜਿਨ੍ਹਾਂ ਦਾ ਫ਼ੈਸਲਾ ਤੁਸੀਂ ਟ੍ਰਿਬਿਊਨਲ ਤੋਂ ਕਰਵਾਉਣਾ ਚਾਹੁੰਦੇ ਹੋ: ____________________

ਕੋਈ ਅਗਲੇਰੀਆਂ ਟਿੱਪਣੀਆਂ ਜੋ ਤੁਸੀਂ ਸ਼ਾਇਦ ਕਰਨੀਆਂ ਚਾਹੁੰਦੇ ਹੋਵੋ: ____________________

## ਅੰਤਕਾ: RPTS ਪੈਨਲ ਦਫ਼ਤਰਾਂ ਦੇ ਪਤੇ

### NORTHERN RENT ASSESSMENT PANEL

First Floor, 5 New York Street,
Manchester M1 4JB

ਟੈਲੀਫ਼ੋਨ: 0845 100 2614 ਜਾਂ 01612 379491
ਫ਼ੈਕਸ: 0161 237 3656 ਜਾਂ 0161 237 9491

ਇਸ ਦਫ਼ਤਰ ਦੇ ਦਾਇਰੇ ਵਿੱਚ ਇਹ ਮੈਟਰੋਪੋਲਿਟਨ ਜ਼ਿਲ੍ਹੇ ਆਉਂਦੇ ਹਨ: Barnsley, Bolton, Bradford, Bury, Calderdale, Doncaster, Gateshead, Kirklees, Knowsley, Leeds, Liverpool, Manchester, Newcastle-upon-Tyne, Oldham, Rochdale, Rotherham, St. Helens, Salford, Sefton, Sheffield, Stockport, Sunderland, Tameside, Trafford, Tyneside (North & South), Wakefield, Wigan and Wirral.

ਇਸਦੇ ਦਾਇਰੇ ਵਿੱਚ ਇਹ ਏਕੀਕ੍ਰਿਤ ਅਥਾਰਿਟੀਆਂ ਆਉਂਦੀਆਂ ਹਨ: Hartlepool, Middlesborough, Redcar and Cleveland, Darlington, Halton, Blackburn with Darwen, Blackpool, Kingston-upon-Hull, East Riding of Yorkshire, Northeast Lincolnshire, North Lincolnshire, Stockton-on-Tees, Warrington and York.

ਇਸਦੇ ਦਾਇਰੇ ਵਿੱਚ ਇਹ ਕਾਊਂਟੀਆਂ ਆਉਂਦੀਆਂ ਹਨ: Cheshire, Cumbria, Durham, Lancashire, and Lincolnshire.

### MIDLAND RENT ASSESSMENT PANEL

2nd Floor, Louisa House, 92-93 Edward Street,
Birmingham B1 2RA

ਟੈਲੀਫ਼ੋਨ: 0121 236 7837
ਫ਼ੈਕਸ: 0121 236 9337

ਇਸ ਦਫ਼ਤਰ ਦੇ ਦਾਇਰੇ ਵਿੱਚ ਇਹ ਮੈਟਰੋਪੋਲਿਟਨ ਜ਼ਿਲ੍ਹੇ ਆਉਂਦੇ ਹਨ: Birmingham, Coventry, Dudley, Sandwell, Solihull, Walsall and Wolverhampton.

ਇਸਦੇ ਦਾਇਰੇ ਵਿੱਚ ਇਹ ਏਕੀਕ੍ਰਿਤ ਅਥਾਰਿਟੀਆਂ ਆਉਂਦੀਆਂ ਹਨ: Derby, Leicester, Rutland, Nottingham, Herefordshire, Telford and Wrekin and Stoke-on-Trent.

ਇਸਦੇ ਦਾਇਰੇ ਵਿੱਚ ਇਹ ਕਾਊਂਟੀਆਂ ਆਉਂਦੀਆਂ ਹਨ: Derbyshire, Leicestershire, Nottinghamshire, Shropshire, Staffordshire, Warwickshire and Worcestershire.

### EASTERN RENT ASSESSMENT PANEL

Great Eastern House, Tenison Road,
Cambridge CB1 2TR

ਟੈਲੀਫ਼ੋਨ: 0845 100 2616 ਜਾਂ 01223 505112
ਫ਼ੈਕਸ: 01223 505116

ਇਸ ਦਫ਼ਤਰ ਦੇ ਦਾਇਰੇ ਵਿੱਚ ਇਹ ਏਕੀਕ੍ਰਿਤ ਅਥਾਰਿਟੀਆਂ ਆਉਂਦੀਆਂ ਹਨ: Bracknell Forest, West Berkshire, Reading, Slough, Windsor and Maidenhead, Wokingham, Luton, Peterborough, Milton Keynes, Southend-on-Sea and Thurrock.

ਇਸਦੇ ਦਾਇਰੇ ਵਿੱਚ ਇਹ ਕਾਊਂਟੀਆਂ ਆਉਂਦੀਆਂ ਹਨ: Bedfordshire, Berkshire, Buckinghamshire, Cambridgeshire, Essex, Hertfordshire, Norfolk, Northamptonshire, Oxfordshire and Suffolk.

### SOUTHERN RENT ASSESSMENT PANEL

1st Floor, 1 Market Avenue,
Chichester, PO19 1JU

ਟੈਲੀਫ਼ੋਨ: 0845 100 2617 ਜਾਂ 01243 779394
ਫ਼ੈਕਸ: 01223 505116

ਇਸ ਦਫ਼ਤਰ ਦੇ ਦਾਇਰੇ ਵਿੱਚ ਇਹ ਏਕੀਕ੍ਰਿਤ ਅਥਾਰਿਟੀਆਂ ਆਉਂਦੀਆਂ ਹਨ: Bath and Northeast Somerset, Bristol, North Somerset, South Gloucestershire, Bournemouth, Plymouth, Torbay, Poole, Swindon, Medway, Brighton and Hove, Portsmouth, Southampton and the Isle of Wight.

ਇਸਦੇ ਦਾਇਰੇ ਵਿੱਚ ਇਹ ਕਾਊਂਟੀਆਂ ਆਉਂਦੀਆਂ ਹਨ: Cornwall and the Isles of Scilly, Devon, Dorset, East Sussex, Gloucestershire, Hampshire, Kent, Somerset, Surrey, West Sussex and Wiltshire.

### LONDON RENT ASSESSMENT PANEL

10 Alfred Place,
London WC1E 7LR

ਟੈਲੀਫ਼ੋਨ: 020 7446 7700
ਫ਼ੈਕਸ: 020 7637 1250

ਇਸ ਆਫ਼ਿਸ ਦੇ ਦਾਇਰੇ ਵਿੱਚ ਲੰਡਨ ਦੇ ਸਾਰੇ ਬਰੋਜ਼ ਆਉਂਦੇ ਹਨ।